# Punjabi 12

June 2002 Provincial Examination

## ANSWER KEY / SCORING GUIDE

**Topics:**
1. Interpersonal Communications – Language Elements
2. Creative Written Works
3. Informational Communication
4. Interpersonal Communications – Written Expression

**Multiple Choice**

| Q | K | C | S | T | Q | K | C | S | T |
|---|---|---|---|---|---|---|---|---|---|
| 1. | D | K | 1 | 1 | 16. | C | U | 1 | 2 |
| 2. | B | K | 1 | 1 | 17. | C | U | 1 | 2 |
| 3. | A | K | 1 | 1 | 18. | D | U | 1 | 2 |
| 4. | C | K | 1 | 1 | 19. | A | U | 1 | 2 |
| 5. | B | K | 1 | 1 | 20. | B | U | 1 | 2 |
| 6. | B | K | 1 | 1 | 21. | B | U | 1 | 3 |
| 7. | D | K | 1 | 1 | 22. | A | U | 1 | 3 |
| 8. | B | K | 1 | 1 | 23. | D | U | 1 | 3 |
| 9. | D | K | 1 | 1 | 24. | D | U | 1 | 3 |
| 10. | D | K | 1 | 1 | 25. | C | U | 1 | 3 |
| 11. | D | U | 1 | 2 | 26. | B | U | 1 | 3 |
| 12. | C | U | 1 | 2 | 27. | A | U | 1 | 3 |
| 13. | C | U | 1 | 2 | 28. | C | U | 1 | 3 |
| 14. | D | U | 1 | 2 | 29. | A | U | 1 | 3 |
| 15. | B | U | 1 | 2 | 30. | B | U | 1 | 3 |

**Multiple Choice = 30 marks**

**Written Response**

| Q | B | C | S | T |
|---|---|---|---|---|
| 1. | 1 | U | 10 | 1 |
| 2. | 2 | U | 5 | 2 |
| 3. | 3 | U | 5 | 2 |
| 4. | 4 | U | 5 | 3 |
| 5. | 5 | U | 5 | 3 |
| 6. | 6 | H | 10 | 4 |
| 7. | 7 | H | 10 | 4 |
| 8. | 8 | H | 10 | 4 |

**Written Response = 60 marks**

Multiple Choice = 30 marks
Written Response = 60 marks
**EXAMINATION TOTAL = 90 marks**

**LEGEND:**

**Q** = Question Number | **K** = Keyed Response | **C** = Cognitive Level
**B** = Score Box Number | **S** = Score | **T** = Topic

## SECTION 2: LANGUAGE ELEMENTS B

**Value: 10 marks** **Suggested Time: 10 minutes**

**INSTRUCTIONS:** Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses.

### ਮਾਂ

ਮਾਂ ਇਸਤਰੀ ਦਾ ਉਹ ਰੂਪ ਹੈ ਜਿਸ ਵਿੱਚ ਪਿਆਰ, ਸਿਆਣਪ ਅਤੇ ਹੋਰ ਕਈ ਗੁਣ ਹਰ ਸਮੇਂ ਦਿਖਾਈ ਦਿੰਦੇ ਹਨ। ਬੱਚਾ ਪਿਆਰ ਦੀ ________ (1a) ਸਭ ਤੋਂ ਪਹਿਲਾਂ ਮਾਂ ਤੋਂ ਹੀ ਪ੍ਰਾਪਤ ਕਰਦਾ ਹੈ। ਨਵੇਂ ਜੰਮੇਂ ਬੱਚੇ ਨੂੰ ਸਭ ਤੋਂ ਵੱਧ ਖੁਸ਼ੀ ਆਪਣੀ ਮਾਂ ਨੂੰ ਦੇਖ ਕੇ ________ (1b) ਹੈ। ਮਾਂ ਆਪਣੇ ਬੱਚੇ ਨੂੰ ________ (1c) ਲਾਡ-ਪਿਆਰ ਨਾਲ ਪਾਲਦੀ ਹੈ। ਉਹ ਆਪਣੇ ਬੱਚੇ ਦੀ ਹਰ ________ (1d), ਜਿਸ ਨੂੰ ਉਹ ਪੂਰਾ ਕਰ ਸਕਦੀ ਹੈ, ਕਰਦੀ ਹੈ। ਹਰ ਮਾਂ ਆਪਣੇ ਬੱਚੇ ਲਈ ਜ਼ਿੰਦਗੀ ਦੀ ਹਰ ਤਕਲੀਫ਼ ਖੁਸ਼ੀ ਨਾਲ ਸਹਿਨ ਕਰ ________ (1e) ਹੈ। ਆਪਣੇ ਬੱਚੇ ਨੂੰ ਧੁੱਪ ਤੋਂ ਬਚਾਉਣ ________ (1f) ਆਪ ਧੁੱਪ ਸਹਿ ਕੇ ਬੱਚੇ ਤੇ ਛਾਂ ਕਰਦੀ ਹੈ। ਬੱਚੇ ਨੂੰ ਜ਼ਿੰਦਗੀ ਦੇ ਇਸ ਲੰਬੇ ਸਫ਼ਰ ਨੂੰ ਪੂਰਾ ਕਰਨ ਲਈ ਹਰ ਚੀਜ਼ ਦੀ ਪ੍ਰਾਪਤੀ ਸਭ ਤੋਂ ਪਹਿਲਾਂ ਆਪਣੀ ਮਾਂ ________ (1g) ਹੀ ਹੁੰਦੀ ਹੈ। ਮਾਂ ਬਣਨ ਤੋਂ ਬਾਅਦ ਇਸਤਰੀ ਦਾ ਸਾਰਾ ________ (1h) ਆਪਣੇ ਬੱਚੇ ਦਾ ਜੀਵਨ ਚੰਗਾ ਬਣਾਉਣ ਵਿੱਚ ਹੀ ਬਤੀਤ (spend) ਹੁੰਦਾ ਹੈ। ਇਸਤਰੀ ਮਾਂ ਹੋਣ ਦੀਆਂ ਜ਼ੁੰਮੇਵਾਰੀਆਂ ਤੋਂ ਕਦੀ ਨਹੀਂ ________ (1i)। ਇਥੋਂ ਤੱਕ ਕਿ ਆਪਣੇ ਬੱਚਿਆਂ ਦੇ ਬੱਚੇ ਪੈਦਾ ਹੋਣ ਤੇ ________ (1j) ਇੱਕ ਵਾਰ ਫਿਰ ਤੋਂ ਜਵਾਨ ਹੋ ਜਾਂਦੀ ਹੈ। ਇਸਤਰੀ ਦਾ ਇਹ ਰੂਪ ਸਾਰੀ ਇਨਸਾਨੀਅਤ ਲਈ ਸਭ ਤੋਂ ਪਿਆਰਾ ਤੇ ਆਦਰਯੋਗ (respectable) ਹੈ।

**Possible responses:**

a) ਛੋਹ
ਬੂੰਦ
ਦਾਤ
ਜਾਚ
ਖੁਸ਼ਬੂ
ਸੁਗੰਧ
ਸਿਖਿਆ

b) ਹੁੰਦੀ
ਮਿਲਦੀ
ਜਾਗਦੀ

c) ਬੜੇ
ਬਹੁਤ
ਅਥਾਹ
ਵੱਧ ਤੋਂ ਵੱਧ

d) ਲੋੜ
ਮੰਗ
ਖੁਸ਼ੀ
ਇੱਛਾ
ਜ਼ਿੱਦ
ਚਾਹਤ
ਜ਼ਰੂਰਤ

e) ਲੈਂਦੀ
ਜਾਂਦੀ
ਸਕਦੀ

f) ਲਈ
ਵਾਸਤੇ
ਖ਼ਾਤਿਰ

g) ਤੋਂ
ਵੱਲੋਂ
ਕੋਲੋਂ

h) ਜ਼ੋਰ
ਸਮਾਂ
ਵਕਤ
ਜੀਵਨ

i) ਮੁਕਤ
ਥੱਕਦੀ
ਹਾਰਦੀ
ਅੱਕਦੀ
ਝਿਜਕਦੀ

j) ਉਹ
ਇਹ
ਔਰਤ
ਇਸਤਰੀ

**NOTE: $\frac{1}{2}$ mark will be awarded for communication.**

**$\frac{1}{2}$ mark will be awarded for accuracy: spelling, accents and grammatical correctness.**

## PART B: CREATIVE WRITTEN WORKS

## SECTION 3: FICTION (PROSE)

**INSTRUCTIONS:** Answer question 2 in **English**. Your answers must be based on the passage on page 4. Complete sentences are not required.

### ਗੱਲਾਂ ਬਾਪੂ ਦੀਆਂ

ਇੱਕ ਦਿਨ ਯਰਵਦਾ ਜੇਲ੍ਹ ਵਿਚ ਬਾਪੂ (ਮਹਾਤਮਾ ਗਾਂਧੀ) ਸਰਦਾਰ ਵਲਭ ਭਾਈ ਪਟੇਲ ਨਾਲ ਗੱਲਬਾਤ ਕਰ ਰਹੇ ਸਨ। ਗੱਲਾਂ ਗੱਲਾਂ ਵਿਚ ਬਾਪੂ ਨੇ ਕਿਹਾ, "ਸੰਭਾਲ ਕੇ ਰਖਿਆ ਹੋਇਆ ਮਰਿਆ ਸੱਪ ਵੀ ਕਦੀ ਨਾ ਕਦੀ ਕੰਮ ਆ ਜਾਂਦਾ ਹੈ"। ਆਪਣੀ ਗੱਲ ਦੀ ਸਚਾਈ ਸਾਬਤ ਕਰਨ ਲਈ ਬਾਪੂ ਨੇ ਇੱਕ ਕਹਾਣੀ ਸੁਣਾਈ।

ਇੱਕ ਬੁੱਢੀ ਮਾਈ ਦੇ ਘਰ ਇੱਕ ਵਾਰ ਸੱਪ ਨਿਕਲ ਆਇਆ। ਬੁੱਢੀ ਨੇ ਸ਼ੋਰ ਮਚਾਇਆ ਤੇ ਆਂਢੀ-ਗੁਆਂਢੀ ਆ ਗਏ। ਸਭ ਨੇ ਮਿਲ ਕੇ ਸੱਪ ਨੂੰ ਮਾਰ ਦਿੱਤਾ ਤੇ ਆਪਣੇ ਘਰ ਵਾਪਸ ਚਲੇ ਗਏ। ਬੁੱਢੀ ਨੇ ਸੱਪ ਨੂੰ ਕਿਧਰੇ ਦੂਰ ਸੁੱਟਣ ਦੀ ਬਜਾਏ ਘਰ ਦੀ ਛੱਤ ਉੱਤੇ ਸੁੱਟ ਦਿੱਤਾ।

ਕੁਦਰਤੀ ਹੀ ਅਸਮਾਨ ਤੇ ਉੱਡਦੀ ਇੱਲ ਨੇ ਮਰੇ ਹੋਏ ਸੱਪ ਨੂੰ ਦੇਖਿਆ। ਇੱਲ ਦੇ ਮੂੰਹ ਵਿਚ ਮੋਤੀਆਂ ਦੀ ਮਾਲਾ ਸੀ। ਇੱਲ ਇਹ ਮਾਲਾ ਕਿਧਰੋਂ ਚੁੱਕ ਕੇ ਲਿਆਈ ਸੀ। ਉਸਨੇ ਹਾਰ ਉੱਥੇ ਸੁੱਟ ਦਿੱਤਾ ਅਤੇ ਮਰੇ ਸੱਪ ਨੂੰ ਚੁੱਕ ਕੇ ਲੈ ਗਈ। ਬੁੱਢੀ ਨੇ ਆਪਣੀ ਛੱਤ ਉੱਤੇ ਕੋਈ ਚਿੱਟੀ ਚਮਕਦਾਰ ਚੀਜ਼ ਦੇਖੀ ਤੇ ਉਸਨੂੰ ਬਾਂਸ (bamboo) ਨਾਲ ਹੇਠਾਂ ਲਾਹ ਲਿਆ। ਜਦ ਉਸਨੇ ਮੋਤੀਆਂ ਦਾ ਹਾਰ ਵੇਖਿਆ ਤਾਂ ਉਹ ਖੁਸ਼ੀ ਨਾਲ ਨੱਚਣ ਲੱਗ ਪਈ।

ਬਾਪੂ ਨੇ ਆਪਣੀ ਕਹਾਣੀ ਖ਼ਤਮ ਕੀਤੀ ਤਾਂ ਵਲਭ ਭਾਈ ਨੇ ਵੀ ਇੱਕ ਕਹਾਣੀ ਸੁਣਾਈ। ਇੱਕ ਬਾਣੀਏ (merchant) ਦੇ ਘਰੋਂ ਸੱਪ ਨਿਕਲਿਆ। ਉਸਨੂੰ ਮਾਰਨ ਵਾਲਾ ਕੋਈ ਨਹੀਂ ਮਿਲਿਆ। ਬਾਣੀਏ ਦੀ ਐਨੀ ਹਿੰਮਤ ਨਾ ਹੋਈ ਕਿ ਉਹ ਸੱਪ ਨੂੰ ਮਾਰੇ। ਨਾਲੇ ਉਸਦੀ ਜੀਵ-ਹੱਤਿਆ ਕਰਨ ਦੀ ਇੱਛਾ ਵੀ ਨਹੀਂ ਸੀ। ਉਸਨੇ ਸੱਪ ਨੂੰ ਇੱਕ ਭਾਂਡੇ ਹੇਠ ਢੱਕ ਦਿੱਤਾ। ਉਸੇ ਰਾਤ ਬਾਣੀਏ ਦੇ ਘਰ ਚੋਰ ਆ ਗਏ। ਉਹਨਾਂ ਨੇ ਉਸ ਭਾਂਡੇ ਨੂੰ ਵੇਖਿਆ ਤੇ ਸੋਚਿਆ ਕਿ ਇਸਦੇ ਹੇਠਾਂ ਜ਼ਰੂਰ ਕੋਈ ਵਧੀਆ ਚੀਜ਼ ਹੋਵੇਗੀ। ਉਹਨਾਂ ਨੇ ਜਦੋਂ ਹੀ ਭਾਂਡਾ ਚੁੱਕਿਆ, ਸੱਪ ਨੇ ਫੂੰਕਾਰ (furious hiss) ਕੇ ਉਹਨਾਂ ਨੂੰ ਡੰਗ ਮਾਰਿਆ। ਆਏ ਤਾਂ ਸਨ ਚੋਰੀ ਕਰਨ, ਪਰ ਉਨ੍ਹਾਂ ਨੂੰ ਆਪਣੀ ਜਾਨ ਦੀ ਪੈ ਗਈ। ਸਭ ਕੁੱਝ ਉੱਥੇ ਹੀ ਛੱਡ ਕੇ ਦੌੜ ਗਏ।

2. a) What was Gandhi Ji trying to prove through his story? **(1 mark)**

**Response:**

- **Gandhi Ji was trying to prove that sometimes when we save things we don't even need, they can prove to be very beneficial to us.**
- **Sometimes a dead snake can prove to be beneficial.**

b) What did the old woman do to the dead snake? **(1 mark)**

**Response:**

- **The old woman threw the dead snake on the roof of her house.**

c) According to Gandhi Ji's story, how was the old woman's luck changed? **(1 mark)**

**Response:**

- **The dead snake changed the woman's luck when she threw it on the roof and found the pearl necklace that the eagle dropped.**

d) According to Valbh Bhai's story, why did the thieves pick up the pot? **(1 mark)**

**Response:**

- **The thieves picked up the pot because they thought that there must be something valuable hidden underneath it.**

e) How did the snake help the merchant? **(1 mark)**

**Response:**

- **The snake helped the merchant because the thieves got scared and ran away when they found it under the pot.**

## SECTION 4: FICTION (DRAMA)

**INSTRUCTIONS:** Answer question 3 in **Punjabi**. Your answers must be based on the drama on page 8. Complete sentences are not required.

### ਸ਼ਹਿਰ ਅਤੇ ਜੰਗਲ

ਅਮਰ : ਕੰਵਰ, ਕਿੱਥੇ ਭੱਜਾ ਜਾ ਰਿਹਾ ਹੈਂ ?

ਕੰਵਰ : ਅਮਰ, ਮੈਂ ਸ਼ਹਿਰ ਤੋਂ ਤੰਗ ਆ ਗਿਆ ਹਾਂ । ਚਾਰੇ ਪਾਸੇ ਪਰਦੂਸ਼ਣ (pollution) ਹੀ ਪਰਦੂਸ਼ਣ ਹੈ । ਕਿਧਰੇ ਟਰੱਕਾਂ ਵਿੱਚੋਂ ਧੂੰਆਂ ਨਿਕਲ ਰਿਹਾ ਹੈ ਅਤੇ ਕਿਧਰੇ ਫ਼ੈਕਟਰੀਆਂ ਵਿੱਚੋਂ । ਇੱਥੇ ਤਾਂ ਸਾਹ ਲੈਣ ਨਾਲ ਸਾਡੇ ਫ਼ੇਫੜਿਆਂ (lungs) ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ । ਇਸ ਨਾਲ ਕਈ ਬਿਮਾਰੀਆਂ ਲਗਦੀਆਂ ਹਨ ਅਤੇ ਇਨਸਾਨ ਜਲਦੀ ਹੀ ਮਰ ਜਾਂਦਾ ਹੈ । ਅਮਰ, ਮੈਂ ਐਨੀ ਜਲਦੀ ਮਰਨਾ ਨਹੀਂ ਚਾਹੁੰਦਾ ਇਸ ਲਈ ਮੈਂ ਸ਼ਹਿਰ ਛੱਡ ਕੇ ਜਾ ਰਿਹਾ ਹਾਂ ।

ਅਮਰ : ਕੰਵਰ, ਕਿੱਥੇ ਜਾਏਂਗਾ ? ਜਿੱਥੇ ਵੀ ਜਾਏਂਗਾ, ਤੈਨੂੰ ਇਹੋ ਜਿਹਾ ਵਾਤਾਵਰਣ ਹੀ ਮਿਲੇਗਾ ।

ਕੰਵਰ : ਮੈਂ ਜੰਗਲ ਵਿੱਚ ਚਲਾ ਜਾਵਾਂਗਾ ! ਉੱਥੋਂ ਦੀ ਤਾਜ਼ੀ ਹਵਾ ਖਾਵਾਂਗਾ । ਦਰੱਖਤਾਂ ਦੀ ਹਰਿਆਲੀ (greenery) ਅਤੇ ਤਾਜ਼ੇ ਫਲ ਮਿਲਣਗੇ । ਹਾਂ, ਨਾਲੇ ਪੰਛੀਆਂ ਦੀਆਂ ਸੁਰੀਲੀਆਂ ਅਵਾਜ਼ਾਂ ਵੀ ਸੁਣਨ ਨੂੰ ਮਿਲਣਗੀਆਂ । (ਸਾਰੇ ਸ਼ਹਿਰ ਵੱਲ ਇਸ਼ਾਰਾ ਕਰਦਾ ਹੋਇਆ) 'ਹੈਲੋ, ਸ਼ਹਿਰ ਵਾਲਿਓ ! ਅਲਵਿਦਾ ! ਗੁਡ ਬਾਏ ! ਮੈਂ ਸ਼ਹਿਰ ਛੱਡ ਕੇ ਜਾ ਰਿਹਾ ਹਾਂ !'

ਅਮਰ : (ਉਦਾਸ ਹੋ ਕੇ ਆਪਣੇ ਆਪ ਨੂੰ) ਇੱਕ ਚੰਗਾ ਦੋਸਤ ਚਲਾ ਗਿਆ ਹੈ । (ਕੁੱਝ ਦਿਨਾਂ ਬਾਅਦ ਅਮਰ ਫਲਾਂ ਦੀ ਮਾਰਕਿਟ ਵਿੱਚ ਅੰਬ ਖਰੀਦ ਰਿਹਾ ਸੀ ਜਦੋਂ ਉਸਨੂੰ ਜਾਣੀ-ਪਹਿਚਾਣੀ ਅਵਾਜ਼ ਸੁਣਾਈ ਦਿੰਦੀ ਹੈ । ਅਵਾਜ਼ ਵਲ ਦੇਖਦਾ ਹੈ) ਕੰਵਰ ਤੂੰ ਐਨੀ ਜਲਦੀ ਜੰਗਲ ਵਿੱਚੋਂ ਵਾਪਸ ਕਿਉਂ ਆ ਗਿਆ ਹੈਂ ? ਕੀ ਤੈਨੂੰ ਖੁੱਲ੍ਹੀ ਹਵਾ ਅਤੇ ਦਰੱਖਤਾਂ ਦੀ ਹਰਿਆਲੀ ਨਹੀਂ ਮਿਲੀ ?

ਕੰਵਰ : ਮਿਲੀ ਸੀ ।

ਅਮਰ : ਕੀ ਫਿਰ ਖਾਣ ਲਈ ਤਾਜ਼ੇ ਫਲ ਨਹੀਂ ਮਿਲੇ ?

ਕੰਵਰ : ਉਹ ਵੀ ਮਿਲੇ ਸਨ ।

ਅਮਰ : ਕੀ ਫਿਰ ਹਰਿਆਲੀ ਅਤੇ ਸਾਫ਼ ਹਵਾ ਮਾਫ਼ਿਕ (suit) ਨਹੀਂ ਆਏ ਕਿ ਤੂੰ ਫਿਰ ਸ਼ਹਿਰ ਦੀ ਗੰਦੀ ਹਵਾ ਵਿੱਚ ਰਹਿਣ ਲਈ ਵਾਪਸ ਆ ਗਿਆ ਹੈਂ ?

ਕੰਵਰ : ਅਮਰ, ਵਾਤਾਵਰਣ (environment) ਬਹੁਤ ਹੀ ਸੁਖਾਵਾਂ ਸੀ । ਹਵਾ ਵੀ ਸ਼ੁੱਧ ਸੀ । ਦਰਖ਼ਤਾਂ ਦੀ ਹਰਿਆਲੀ ਵੀ ਮਨਮੋਹਣੀ ਸੀ ਅਤੇ ਤਾਜ਼ੇ ਫਲ ਵੀ ਕਾਫ਼ੀ ਗਿਣਤੀ ਵਿੱਚ ਸਨ । ਪਰ …

ਅਮਰ : 'ਪਰ' ਤੋਂ ਕੀ ਮਤਲਬ ? ਫਿਰ ਤੈਨੂੰ ਕਿਸ ਚੀਜ਼ ਦੀ ਕਮੀ ਮਹਿਸੂਸ ਹੋਈ ?

ਕੰਵਰ : ਅਮਰ, ਕਮੀ ਕਿਸੇ ਚੀਜ਼ ਦੀ ਨਹੀਂ ਸੀ, ਪਰ ਜੰਗਲ ਵਿੱਚ ਇੱਕ ਹੋਰ ਚੀਜ਼ ਵੀ ਸੀ ਜਿਸ ਨਾਲ ਰਹਿਣਾ ਮੈਨੂੰ ਪਸੰਦ ਨਹੀਂ ਸੀ ।

ਅਮਰ : ਉਹ ਕੀ ਸੀ ?

ਕੰਵਰ : ਜੰਗਲ ਵਿੱਚ ਸ਼ੇਰ ਰਹਿੰਦਾ ਸੀ । ਸ਼ੇਰ ਮੈਨੂੰ ਖਾਣ ਲਈ ਦੌੜਿਆ ਅਤੇ ਮੈਂ ਦੌੜਦਾ ਦੌੜਦਾ ਸ਼ਹਿਰ ਵਾਪਸ ਆ ਗਿਆ । ਮੈਂ ਜਵਾਨੀ ਵਿੱਚ ਮਰਨਾ ਨਹੀਂ ਸੀ ਚਾਹੁੰਦਾ ।

ਅਮਰ : ਵਾਹ ਭਈ ਵਾਹ ! ਕਿਸੇ ਨੇ ਸੱਚ ਹੀ ਕਿਹਾ ਹੈ, "ਆਦਮੀ ਤਾਂ ਕਿਤੇ ਵੀ ਸੌਖਾ ਨਹੀਂ ਹੈ ।" (ਅਤੇ ਅਮਰ ਉੱਚੀ ਉੱਚੀ ਹੱਸਣ ਲੱਗ ਪੈਂਦਾ ਹੈ)

3. a) ਕੰਵਰ ਕਿੱਥੇ ਭੱਜਾ ਜਾ ਰਿਹਾ ਹੈ ? **(1 mark)**

**Response:**

- **ਕੰਵਰ ਸ਼ਹਿਰ ਛੱਡ ਕੇ ਜੰਗਲ ਵਲ ਭੱਜਾ ਜਾ ਰਿਹਾ ਹੈ।**

b) ਕੰਵਰ ਜੰਗਲ ਵਿੱਚ ਜਾਣ ਲਈ ਐਨਾ ਉਤਾਵਲਾ (anxious) ਕਿਉਂ ਹੈ ?
ਕੋਈ ਦੋ ਕਾਰਣ ਵਿਸਥਾਰ ਨਾਲ ਦੱਸੋ । **(2 marks)**

**Response:**

**ਕੰਵਰ ਜੰਗਲ ਜਾਣ ਲਈ ਇਤਨਾ ਉਤਾਵਲਾ ਹੈ ਕਿਉਂਕਿ:**

- **ਸ਼ਹਿਰ ਵਿੱਚ ਬਹੁਤ ਪਰਦੂਸ਼ਣ ਹੈ ।**
- **ਪਰਦੂਸ਼ਣ ਨਾਲ ਬਿਮਾਰੀਆਂ ਲਗਦੀਆਂ ਹਨ ।**
- **ਬਿਮਾਰੀਆਂ ਨਾਲ ਬੰਦਾ ਜਲਦੀ ਮਰ ਜਾਂਦਾ ਹੈ ।**

c) ਕੰਵਰ ਅਮਰ ਨੂੰ ਦੂਸਰੀ ਵਾਰੀ ਕਿੱਥੇ ਅਤੇ ਕਦੋਂ ਮਿਲਿਆ ? **(1 mark)**

**Response:**

- **ਕੰਵਰ ਅਮਰ ਨੂੰ ਕੁੱਝ ਦਿਨਾਂ ਬਾਅਦ ਫਲਾਂ ਦੀ ਮਾਰਕਿਟ ਵਿਚ ਫਲ ਖਰੀਦਦਾ ਹੋਇਆ ਮਿਲਿਆ।**

d) ਅਮਰ ਦੇ ਅਨੁਸਾਰ “ਆਦਮੀ ਤਾਂ ਕਿਤੇ ਵੀ ਸੌਖਾ ਨਹੀਂ ਹੈ” ਤੋਂ ਕੀ ਭਾਵ ਸੀ ? **(1 mark)**

**Response:**

- **ਅਮਰ ਦੇ ਅਨੁਸਾਰ “ਆਦਮੀ ਤਾਂ ਕਿਤੇ ਵੀ ਸੌਖਾ ਨਹੀਂ ਹੈ” ਕਹਿਣ ਦਾ ਭਾਵ ਸੀ ਕਿ ਬੰਦਾ ਮੌਤ ਤੋਂ ਡਰ ਕੇ ਦੌੜਦਾ ਹੈ ਪਰ ਉਹ ਇਹ ਨਹੀ ਜਾਣਦਾ ਕਿ ਮੌਤ ਤਾਂ ਹਰ ਥਾਂ ਹੀ ਆ ਸਕਦੀ ਹੈ ।**

**PART C: INFORMATIONAL COMMUNICATION**

**SECTION 5: NON-FICTION (JOURNALISTIC PROSE)**

**INSTRUCTIONS:** Answer question 4 in **Punjabi**. Your answers must be based on the article on page 12. Complete sentences are not required.

# ਭੁਚਾਲ ਨਾਲ ਭਾਰੀ ਨੁਕਸਾਨ

ਦਿੱਲੀ : ਪੱਛਮੀ ਇੰਡੀਆ ਦੀ ਸਟੇਟ, ਗੁਜਰਾਤ, ਵਿੱਚ ਆਏ ਭੁਚਾਲ ਨਾਲ 20,000 ਤੋਂ ਵੀ ਵੱਧ ਬੰਦੇ ਮਰ ਗਏ । ਭੁਚਾਲ ਰਿਕਟਰ ਸਕੇਲ ਤੇ 7.9 ਰਜਿਸਟਰ ਹੋਇਆ । 6 ਤੋਂ ਉੱਪਰ ਦੇ ਭੁਚਾਲ ਅਕਸਰ ਭਾਰੀ ਤਬਾਹੀ (destruction) ਲਿਆਉਂਦੇ ਹਨ ।

ਭੁਚਾਲ ਦਾ ਐਪੀਸੈਂਟਰ ਭੁੱਜ ਵਿੱਚ ਸੀ ਜੋ ਕਿ ਅਹਿਮਦਾਬਾਦ ਤੋਂ ਥੋਹੜਾ ਹੀ ਦੂਰ ਹੈ । ਇਸ ਭੁਚਾਲ ਦੇ ਝਟਕੇ (shocks) ਪਾਕਿਸਤਾਨ ਦੇ ਸਿੰਧ ਇਲਾਕੇ ਵਿੱਚ ਤਾਂ ਹੋਣੇ ਹੀ ਸਨ ਪਰ ਪੰਜਾਬ ਅਤੇ ਬੰਗਾਲ ਵਿੱਚ ਵੀ ਮਹਿਸੂਸ ਕੀਤੇ ਗਏ । ਕਈ ਸ਼ਹਿਰ ਤਾਂ ਬਿਲਕੁਲ ਹੀ ਤਬਾਹ ਹੋ ਗਏ ਹਨ । ਹਜ਼ਾਰਾਂ ਹੀ ਮਿਲੀਅਨ ਡਾਲਰਾਂ ਦਾ ਨੁਕਸਾਨ ਹੋਇਆ ਹੈ । ਜਾਨੀ ਅਤੇ ਮਾਲੀ (lives and properties) ਨੁਕਸਾਨ ਦੇ ਨਾਲ-ਨਾਲ ਤਕਰੀਬਨ ਤਿੰਨ ਕਰੋੜ ਬੰਦੇ ਘਰੋਂ ਬੇਘਰ ਹੋ ਗਏ ਹਨ । ਸਾਰੇ ਹਸਪਤਾਲ ਭਰ ਜਾਣ ਕਰਕੇ ਬਾਹਰ ਤੰਬੂ ਲਗਾ ਕੇ ਲੋਕਾਂ ਦਾ ਇਲਾਜ ਕੀਤਾ ਜਾ ਰਿਹਾ ਹੈ ।

ਕੈਨੇਡਾ ਭਾਵੇਂ ਇੰਡੀਆ ਤੋਂ ਕਈ ਹਜ਼ਾਰ ਮੀਲ ਦੂਰ ਹੈ ਪਰ ਇੱਥੇ ਵੱਸ ਰਹੇ ਭਾਰਤੀਆਂ ਦਾ ਦਿਲ ਅਜੇ ਵੀ ਇੰਡੀਆ ਵਿੱਚ ਹੀ ਹੈ । ਉੱਥੇ ਹੋਏ ਨੁਕਸਾਨ ਦਾ ਦਰਦ ਇੱਥੇ ਵੀ ਮਹਿਸੂਸ ਕੀਤਾ ਗਿਆ । ਲੋਕਾਂ ਦੀ ਮਦਦ ਲਈ ਹਰ ਗੁਰਦੁਆਰੇ, ਮੰਦਿਰ, ਅਤੇ ਮਸਜਿਦ ਵਿੱਚ ਪੈਸੇ ਇਕੱਠੇ ਕੀਤੇ ਜਾ ਰਹੇ ਹਨ ਤਾਂ ਕਿ ਇੰਡੀਆ ਵਿੱਚ ਭੁਚਾਲ ਪੀੜਤਾਂ (victims) ਦੀ ਮਦਦ ਕੀਤੀ ਜਾ ਸਕੇ । ਇਕੱਠੇ ਕੀਤੇ ਪੈਸੇ ਰੈੱਡ ਕਰਾਸ ਜਾਂ ਇੰਡੀਅਨ ਕੌਨਸੁਲੇਟ ਰਾਹੀਂ ਇੰਡੀਆ ਭੇਜੇ ਜਾਣਗੇ ਤਾਂ ਕਿ ਲੋੜਵੰਦਾਂ (needy) ਲਈ ਭੋਜਨ, ਦਵਾਈਆਂ, ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾ ਸਕੇ ।

ਕਨੇਡੀਅਨ ਗੌਰਮਿੰਟ ਨੇ ਵੀ ਰੀਲੀਫ਼ ਫੰਡ ਲਈ ਤਿੰਨ ਮਿਲੀਅਨ ਡਾਲਰ ਦੇਣ ਦਾ ਵਾਇਦਾ ਕੀਤਾ ਹੈ ।

4. a) ਲੋਕਾਂ ਦਾ ਇਲਾਜ ਤੰਬੂਆਂ ਵਿੱਚ ਕਿਉਂ ਕੀਤਾ ਜਾ ਰਿਹਾ ਹੈ ? **(1 mark)**

**Response:**

- **ਲੋਕਾਂ ਦਾ ਇਲਾਜ ਤੰਬੂਆਂ ਵਿੱਚ ਕੀਤਾ ਜਾ ਰਿਹਾ ਹੈ ਕਿਉਂਕਿ ਹਸਪਤਾਲ ਭਰ ਚੁਕੇ ਹਨ ਅਤੇ ਹੋਰ ਜਗ੍ਹਾ ਨਹੀਂ ਹੈ ।**

b) ਕੈਨੇਡਾ ਵਿੱਚ ਵਸ ਰਹੇ ਭਾਰਤੀ ਭੁਚਾਲ ਪੀੜਿਤ ਲੋਕਾਂ ਲਈ ਕੀ ਕਰ ਰਹੇ ਹਨ ਅਤੇ ਕਿਉਂ ? **(2 marks)**

**Response:**

- **ਇਹ ਲੋਕੀ ਸਾਰੇ ਇੱਕਠੇ ਹੋ ਕੇ ਪੀੜਿਤ ਲੋਕਾਂ ਲਈ ਪੈਸਾ ਇਕੱਠਾ ਕਰ ਰਹੇ ਹਨ । ਕੈਨੇਡਾ ਵਸਦੇ ਭਾਰਤੀਆਂ ਦਾ ਦਿਲ ਅਜੇ ਵੀ ਹਿੰਦੁਸਤਾਨ ਵਿੱਚ ਹੀ ਹੈ। ਉਥੋਂ ਦੇ ਦੁਖੀ ਲੋਕਾਂ ਨਾਲ ਉਨ੍ਹਾਂ ਦੀ ਬਹੁਤ ਹਮਦਰਦੀ ਹੈ । ਕਈਆਂ ਦੇ ਤਾਂ ਪਰਵਾਰ ਵੀ ਉਥੇ ਹੀ ਰਹਿੰਦੇ ਹਨ ।**

c) ਇਕੱਠੇ ਕੀਤੇ ਪੈਸੇ ਕਿਵੇਂ ਭੇਜੇ ਜਾਣਗੇ ? **(1 mark)**

**Response:**

- **ਇਕੱਠੇ ਕੀਤੇ ਪੈਸੇ ਭਾਰਤੀ ਰੈਡ ਕਰਾਸ ਰਾਹੀਂ ਜਾਂ ਇੰਡੀਅਨ ਕੌਂਨਸੁਲੇਟ ਰਾਹੀਂ ਭਾਰਤ ਭੇਜੇ ਜਾਣਗੇ ।**

d) ਇਕੱਠੇ ਕੀਤੇ ਪੈਸਿਆਂ ਨਾਲ ਕਿੰਨ੍ਹਾ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ ? **(1 mark)**

**Response:**

- **ਇਕੱਠੇ ਕੀਤੇ ਪੈਸਿਆਂ ਨਾਲ ਲੋੜਵੰਦਾਂ ਲਈ ਦਵਾਈਆਂ, ਖਾਣੇ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ ।**

**INSTRUCTIONS:** Answer question 5 in **English**. Your answers must be based on the information on page 16. Complete sentences are not required.

# ਹੈਪੀ ਫੈਮਿਲੀ ਰੈਸਟੋਰੈਂਟ ਅਤੇ ਮਠਿਆਈ ਦੀ ਦੁਕਾਨ
## ਇੰਡੀਆ ਦਾ ਸੱਭ ਤੋਂ ਵਧੀਆ ਖਾਣੇ ਲਈ ਸੱਦਾ ਪੱਤਰ
## ਘਰ ਲੈ ਜਾਣ ਜਾਂ ਡਲਿਵਰੀ ਲਈ ਭੋਜਨ-ਸੂਚੀ

### ਭੁੱਖ ਲਾਉਣ ਵਾਲੇ ਖਾਣੇ

ਸਬਜ਼ੀ ਦੇ ਪਕੌੜੇ 2.95
ਪਨੀਰ ਦੇ ਪਕੌੜੇ 5.95
ਸਬਜ਼ੀ ਦੇ ਸਮੋਸੇ (ਦੋ ਸਮੋਸੇ) 2.75
ਕੀਮੇ ਦੇ ਸਮੋਸੇ (ਦੋ ਸਮੋਸੇ) 6.95

### ਸਾਡੀਆਂ ਤਾਜ਼ੀਆਂ ਰੋਟੀਆਂ

ਨਾਨ (ਤੰਦੂਰ ਵਿੱਚ ਪਕਾਈ ਰੋਟੀ) 1.25
ਰੋਟੀ 1.00
ਪਰੌਂਠਾ 1.95
ਲਸਣ ਅਤੇ ਤੁਲਸੀ ਵਾਲਾ ਨਾਨ 2.50
ਪਨੀਰ ਵਾਲਾ ਨਾਨ 3.00
ਪਿਆਜ਼ ਅਤੇ ਧਣੀਏ ਵਾਲਾ ਨਾਨ 1.95
ਚਿਕਨ ਨਾਨ 3.50

### ਚੌਲਾਂ ਦੇ ਖਾਣੇ

ਮੁਗਲਈ ਬਿਰਿਆਨੀ 9.95
(ਬਕਰੇ/ ਭੇਡੂ ਦਾ ਮੀਟ) ਬਾਸਮਤੀ ਚੌਲ ਅਤੇ ਮਸਾਲਿਆਂ ਨਾਲ ਤਿਆਰ

ਚੌਲਾਂ ਦਾ ਪੁਲਾਓ 2.50
ਬਾਸਮਤੀ ਚੌਲ ਪਿਆਜ਼ ਅਤੇ ਮਸਾਲੇ ਨਾਲ

### ਮਿੱਠੀਆਂ ਚੀਜ਼ਾਂ

ਰੱਸ-ਮਲਾਈ, ਗੁਲਾਬ ਜਾਮਨ, ਕੁਲਫ਼ੀ, ਅੰਬ ਵਾਲੀ ਆਈਸ ਕਰੀਮ 2.95

ਸਾਡੇ ਪਾਸ ਲਾਈਸੈਂਸ ਵੀ ਹੈ।
ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ।
ਅਸੀਂ ਹਰ ਮੌਕੇ ਲਈ ਕੇਟਰ ਕਰਦੇ ਹਾਂ।
ਅਸੀਂ ਸਾਰੇ ਮੁੱਖ ਕਰੈਡਿਟ ਕਾਰਡ ਵੀ ਲੈਂਦੇ ਹਾਂ।

### ਚਿਕਨ ਦੇ ਵਿਸ਼ੇਸ਼ ਖਾਣੇ

ਮੱਖਣੀ ਚਿਕਨ 8.95
ਟਮਾਟਰਾਂ, ਕਰੀਮ, ਮੱਖਣ, ਅਤੇ ਸੌਂਫ਼ਾਂ ਦੇ ਮਿਕਸਚਰ ਦੀ ਤਰੀ

ਚਿਕਨ ਵਿੰਡਾਲੂ 8.95
ਸਵਾਦੀ ਮਸਾਲੇਦਾਰ ਕਰੀ ਅਤੇ ਆਲੂਆਂ ਨਾਲ ਬਣਾਈ ਹੋਈ

ਸਾਗ ਵਾਲਾ ਚਿਕਨ 8.95
ਪਾਲਕ ਦੀ ਸਬਜ਼ੀ, ਅਦਰਕ ਅਤੇ ਜੀਰੇ ਨਾਲ

ਮਿਰਚਾਂ ਵਾਲਾ ਚਿਕਨ 8.95
ਬਿਨਾਂ-ਹੱਡੀ ਦੇ ਚਿਕਨ, ਹਰੀਆਂ ਮਿਰਚਾਂ, ਟਮਾਟਰ, ਸਿਰਕਾ, ਪਿਆਜ਼ ਅਤੇ ਸ਼ਿਮਲਾ ਮਿਰਚਾਂ ਨਾਲ ਬਣਿਆ

ਭੁੰਨਿਆ ਚਿਕਨ 8.95
ਬਿਨਾਂ-ਹੱਡੀ ਦੇ ਚਿਕਨ, ਟਮਾਟਰਾਂ, ਅਦਰਕ, ਲਸਣ, ਸਿਰਕਾ ਅਤੇ ਪਿਆਜ਼ਾਂ ਨਾਲ

ਚਿਕਨ ਟਿੱਕਾ ਮਸਾਲੇ ਵਾਲਾ 8.95
ਬਿਨਾਂ-ਹੱਡੀ ਦੇ ਚਿਕਨ ਟਿੱਕਾ, ਪਿਆਜ਼, ਤਾਜ਼ੇ ਟਮਾਟਰਾਂ ਮਸਾਲੇ ਨਾਲ

### ਲੈਂਬ ਬੀਫ਼ ਅਤੇ ਗੋਟ (ਬਕਰੇ) ਦਾ ਮੀਟ

ਗੋਟ (ਬਕਰੇ ਦਾ ਮੀਟ) ਦੀ ਕਰੀ 8.95
ਗੋਟ ਮੀਟ ਪਿਆਜ਼ਾਂ, ਟਮਾਟਰਾਂ, ਅਦਰਕ ਅਤੇ ਲਸਣ ਦੀ ਤਰੀ ਵਿੱਚ

ਬੀਫ਼ ਵਿੰਡਾਲੂ 8.95
ਬਿਨਾਂ-ਹੱਡੀ ਦੇ ਬੀਫ ਲਸਣ, ਅਦਰਕ, ਨਾਰੀਅਲ, ਸਿਰਕਾ, ਕਰੀਮ ਵਿੱਚ ਆਲੂਆਂ ਅਤੇ ਮਸਾਲੇ ਨਾਲ ਬਣਾਇਆ

ਬੀਫ਼ ਮਿਰਚਾਂ ਵਾਲਾ 8.95
ਬਿਨਾਂ-ਹੱਡੀ ਦੇ ਬੀਫ਼, ਮਸਾਲੇ, ਹਰੀਆਂ ਮਿਰਚਾਂ, ਟਮਾਟਰ, ਸਿਰਕੇ ਵਿੱਚ ਬਣਾਇਆ ਪਿਆਜ਼ ਅਤੇ ਸ਼ਿਮਲਾ ਮਿਰਚਾਂ ਦੇ ਟੁੱਕੜਿਆਂ ਨਾਲ

### ਤੰਦੂਰੀ ਤਜਰਬੇ ਨਰਮ ਮਸਾਲੇ ਵਾਲਾ ਮੀਟ-ਤੰਦੂਰ ਵਿੱਚ ਭੁੰਨਿਆ

ਤੰਦੂਰੀ ਚਿਕਨ (ਮਸਾਲੇ ਨਾਲ ਤੰਦੂਰ ਵਿੱਚ ਭੁੰਨਿਆ) ਅੱਧਾ 8.50 ਪੂਰਾ 14.95
ਚਿਕਨ ਦੇ ਟਿੱਕੇ 8.95
ਵੱਡੇ ਰਸੀਲੇ ਝੀਂਗੇ 13.95
ਤੰਦੂਰੀ ਝੀਂਗਾ (ਪਰਾਨਜ਼) 13.95
ਮਿਕਸਡ ਗਰਿਲ (ਰਲਿਆ ਮਿਲਿਆ) 15.95
ਤੰਦੂਰੀ ਚਿਕਨ, ਸ਼ੀਸ਼ ਕਬਾਬ, ਲੈਂਬ ਟਿੱਕਾ, ਚਿਕਨ ਟਿੱਕਾ, ਅਤੇ ਮੱਛੀ ਟਿੱਕਾ

**ਫੋਨ: 716-555-5555** **5076 ਵਿਕਟੋਰੀਆ ਡਰਾਈਵ, ਪ੍ਰਿਸ ਜੌਰਜ, ਬੀ. ਸੀ.** **www.happyfamily.pg.com**

5. a) Besides being a restaurant, what else does this establishment function as? **(1 mark)**

**Response:**
**This establishment also functions as a**
- **sweet shop.**
- **caterer.**

b) List four vegetables that are used in the Spicy Beef. **(2 marks)**

**Response:**

- **green peppers**
- **tomatoes**
- **vinegar-soaked onions**
- **bell peppers**

c) List any two ingredients that are used in the Mixed Grill. **(1 mark)**

**Response:**

**Any *two* of the following for *one mark:***
**The mixed grill contains:**
- **chicken**
- **lamb**
- **fish**

d) What two types of meat can be ordered in the Mugholai Biriyani? **(1 mark)**

**Response:**

- **The Mugholai Biriyani can be ordered with chicken or sheep.**

## PART D: INTERPERSONAL COMMUNICATION – WRITTEN EXPRESSION
## SECTION 7: STORY COMPLETION

**Value: 10 marks** **Suggested Time: 10 minutes**

| | |
|---|---|
| **INSTRUCTIONS:** | Using approximately 60 words, complete the following story in **Punjabi**. Avoid repetition and lists. Marks will be awarded for content and for grammatical correctness. |

6. ਇਸ ਕਹਾਣੀ ਨੂੰ ਪੂਰਾ ਕਰੋ :

ਅਮਰ ਅਤੇ ਕੁਮਾਰ ਲਾਗਲੇ ਪਿੰਡ ਨਾਨੀ ਨੂੰ ਮਿਲਣ ਜਾ ਰਹੇ ਸਨ। ਦੋਵੇਂ ਭਰਾ ਚਲਦੇ-ਚਲਦੇ ਇੱਕ ਦਮ ਰੁਕ ਗਏ। ਉਨ੍ਹਾਂ ਦੇ ਸਾਹਮਣੇ … **(10 marks)**

**OPEN ENDED—Marked Holistically**

**For Example:**

**ਉਨ੍ਹਾਂ ਦੇ ਸਾਹਮਣੇ ਇੱਕ ਛੋਟਾ ਜਿਹਾ ਖ਼ਰਗੋਸ਼ ਬੈਠਾ ਸੀ। ਉਨ੍ਹਾਂ ਨੇ ਉਸਨੂੰ ਚੁੱਕ ਲਿਆ। ਦੋਨੋਂ ਉੱਥੇ ਬੈਠ ਕੇ ਖੇਡਣ ਲੱਗ ਪਏ। ਕੁਝ ਦੇਰ ਬਾਅਦ ਉਨ੍ਹਾਂ ਨੂੰ ਆਪਣੀ ਨਾਨੀ ਬਾਰੇ ਚੇਤਾ ਆਇਆ ਤਾਂ ਉਹ ਜਲਦੀ ਨਾਲ ਖ਼ਰਗੋਸ਼ ਨੂੰ ਚੁੱਕ ਕੇ ਆਪਣੀ ਨਾਨੀ ਦੇ ਘਰ ਵੱਲ ਤੁਰ ਪਏ। ਉੱਥੇ ਪਹੁੰਚ ਕੇ ਉਨ੍ਹਾਂ ਨੇ ਆਪਣੀ ਨਾਨੀ ਨੂੰ ਵੀ ਆਪਣਾ ਖ਼ਰਗੋਸ਼ ਦਿਖਾਇਆ। ਸਾਰੇ ਬਹੁਤ ਖ਼ੁਸ਼ ਹੋਏ।**

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness. |

7. Write a letter to the Mayor requesting that a crosswalk be installed on your street. **(10 marks)**

**Note:** The letter should include appropriate salutation and closing phrases.
Students must avoid identifying themselves, their schools, or school districts.

**OPEN ENDED—Marked Holistically**

**For Example:**

ਸੇਵਾ ਵਿਖੇ,
ਮੇਅਰ ਸਾਹਿਬ,
ਸਾਡਾ ਸ਼ਹਿਰ,
**980031**

ਜੂਨ **26, 2001**

ਸ਼੍ਰੀ ਮਾਨ ਜੀ,

ਵਿਸ਼ਾ: ਕਰਾਸਵਾਕ

ਬੇਨਤੀ ਇਹ ਹੈ ਕਿ ਸਾਡੀ ਗਲੀ ਵਿੱਚ ਵਿਦਿਆ ਸੈਂਟਰ ਸਕੂਲ ਦੇ ਬਿਲਕੁਲ ਬਾਹਰ ਕੋਈ ਕਰਾਸਵਾਕ ਨਹੀਂ ਹੈ। ਇਸ ਕਰਕੇ ਇੱਥੇ ਬਹੁਤ ਹਾਦਸੇ ਹੁੰਦੇ ਰਹਿੰਦੇ ਹਨ। ਸਾਡੀ ਸਭ ਮੁਹੱਲੇ ਵਾਸੀਆਂ ਅਤੇ ਸਕੂਲ ਵਾਲਿਆਂ ਵਲੋਂ ਇਹ ਬੇਨਤੀ ਹੈ ਕਿ ਇੱਥੇ ਕਰਾਸਵਾਕ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਇਥੇ ਹੋਰ ਹਾਦਸੇ ਨਾ ਹੋਣ।

ਧੰਨਵਾਦ ਸਹਿਤ,

ਸ਼ਾਂਤੀ ਸਰੂਪ,
ਸਥਾਨਗੜ੍ਹ ਮੁਹੱਲਾ,
ਸਰੀ, ਬੀ. ਸੀ.
**V2G 4J6**

## SECTION 9: MAP DIRECTIONS

**Value: 10 marks** **Suggested Time: 10 minutes**

| | |
|---|---|
| **INSTRUCTIONS:** | In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness. |

8. Romi lives in the Moti Mahal Plaza. Romi's friend is staying at the airport's Hilton Hotel. Romi is going to leave home and take his friend for a picnic to the Gandhi Gardens. Which route would he take, and what landmarks would he see on his way? **(10 marks)**




**OPEN ENDED—Marked Holistically**

**For Example:**

ਰੋਮੀ ਇਕ੍ਹਾਠ ਐਵੀਨਿਯੂ ਤੇ ਪੂਰਬ ਵੱਲ ਜਾ ਕੇ ਬਰਕਲੇ ਰੋਡ ਤੇ ਸੱਜੇ ਮੁੜੇਗਾ। ਫ਼ੇਰ ਉਹ ਤਰ੍ਹੇਂਟ ਐਵੀਨਿਯੂ ਤੋਂ ਪੂਰਬ ਵੱਲ ਮੁੜੇਗਾ ਅਤੇ ਨਾਲ ਹੀ ਸੱਜੇ ਹੱਥ ਮੁੜਕੇ ਹਿਲਟਨ ਹੋਟਲ ਪਹੁੰਚ ਜਾਵੇਗਾ। ਰੋਮੀ ਉਥੋਂ ਆਪਣੇ ਦੋਸਤ ਨੂੰ ਲੈ ਕੇ ਤਰ੍ਹੇਂਠ ਐਵੀਨਿਯੂ ਤੇ ਪੂਰਬ ਵੱਲ ਪਏਗਾ। ਉਥੋਂ ਬੈਸਟ ਵੈਸਟਰਨ ਅੱਗੋਂ ਲੰਘ ਕੇ ਵੀਹ ਸਟਰੀਟ ਤੇ ਉੱਤਰ ਵੱਲ ਪਏਗਾ। ਉਥੋਂ ਇਕ੍ਹਾਠ ਐਵੀਨਿਯੂ ਤੋਂ ਪੂਰਬ ਵੱਲ ਮੁੜ ਕੇ ਉਹ ਗਾਂਧੀ ਗਾਰਡਨਜ਼ ਜਾਵੇਗਾ।

**PUNJABI 12 HOLISTIC SCORING GUIDE**
**Story Completion / Letter / Map Directions**

## Scalepoint 5

The writer makes a statement on topic and develops it with clarity, ease, and depth. There is often evidence of a sophisticated level of thinking, originality, and flair. The development is cohesive and complete. The sentence structure is controlled and varied. The vocabulary is generally rich. The writer shows a mastery of Punjabi diction. Minor errors in spelling and grammar do not detract from the effectiveness of the writing.

## Scalepoint 4

The writer develops the topic and expresses ideas clearly and logically. He or she usually goes beyond simple description. Sentence structure is correct, but generally conventional. The writer uses appropriate Punjabi expressions, but rarely goes beyond high frequency vocabulary. Use of tenses is generally correct, but frequently limited in scope. Minor errors in spelling and grammar do not impede comprehension.

## Scalepoint 3

The writer communicates in a generally straightforward manner. Ideas are related, but they may not always be sequentially organized. The general impression of the writing is somewhat uninspired and often variable in quality. Idiomatic Punjabi and vocabulary are presented at a predominantly basic level. Despite a number of errors in spelling and grammar, the message is easily understood.

## Scalepoint 2

Development may be deficient or simplistic and does not go beyond stating the obvious. Ideas are not necessarily sequential, resulting in choppy reading which often requires the reader to fill in details. The writer uses basic vocabulary and occasionally resorts to direct translation from English. In general, verb tenses are incorrectly and randomly used. Although the writing may contain many grammatical errors, the message is still understood.

## Scalepoint 1

Ideas may or may not be related and do not follow a logical progression. Development is frequently insufficient, and the writing lacks clarity. Vocabulary used is inappropriate or misspelled, leading to confusion. The writing is often characterized by reliance on direct translation from English and the use of English words. Verb tenses are incorrectly formed and used. The large number of grammatical errors impedes comprehension.

## Scalepoint 0

Some text has been produced, but the effort is characterized by one or more of the following problems:

a) too deficient in length to evaluate
b) errors make the paper unintelligible
c) no discernible grasp of Punjabi expressions

**END OF KEY**